# ਨਵੇਂ ਹਾਲਾਤ, ਨਵੇਂ ਰਿਸ਼ਤੇ ਅਤੇ ਵਿਰਸਾ

ਪੰਜਾਬੀ ਕੌਮ ਅਤੇ ਇਸਦਾ ਵਿਰਸਾ ਹਜ਼ਾਰਾਂ ਸਾਲਾਂ ਦੇ ਸਫ਼ਰ ਵਿਚ ਪੁਖ਼ਤਾ ਹੋਇਆ ਹੈ। ਕੀ ਇਹ ਵਿਰਸਾ ਪੰਜਾਬੀਆਂ ਨੂੰ ਅੱਜ ਦੇ ਹਾਲਾਤ ਨਾਲ ਨਜਿੱਠਣ ਵਿਚ ਸੇਧ ਦੇ ਸਕਦਾ ਹੈ? ਅਜੋਕੇ ਹਾਲਾਤ ਨੇ ਪੰਜਾਬ ਵਿਚ ਇਕ ਬਹੁਤ ਵੱਡੀ ਤਬਦੀਲੀ ਲਿਆਂਦੀ ਹੈ। ਇੰਜ ਲਗਦਾ ਹੈ ਕਿ ਹਰ ਚੀਜ਼ ਉਥਲ ਪੁਥਲ ਹੋ ਰਹੀ ਹੈ। ਸਾਰੀਆਂ ਕਦਰਾਂ ਕੀਮਤਾਂ ਖੇਰੂੰ ਖੇਰੂੰ ਹੋ ਰਹੀਆਂ ਹਨ। ਹਰੇਕ ਪੁਰਾਣੇ ਰਿਸ਼ਤੇ ਅਤੇ ਕਦਰ ਨੂੰ ਢਾਹ ਲੱਗ ਰਹੀ ਹੈ। ਮਿਸਾਲ ਦੇ ਤੌਰ ਤੇ ਕਿਹਾ ਜਾਂਦਾ ਸੀ ਕਿ ਭਰਾ ਇਕ ਦੂਜੇ ਦੀਆਂ ਬਾਂਹਾਂ ਹੁੰਦੇ ਹਨ। ਪਰ ਹਾਲਾਤ ਇਹ ਹਨ ਕਿ ਭਰਾ ਭਰਾ ਨਾਲ ਗੱਲ ਕਰਨ ਨੂੰ ਤਿਆਰ ਨਹੀਂ। ਇਸੇ ਤਰਾਂ ਅਕਸਰ ਦੇਖਣ ਵਿਚ ਆਉਂਦਾ ਹੈ ਕਿ ਔਲਾਦ ਆਪਣੇ ਮਾਂ ਪਿਉ ਦੀ ਬੁਢਾਪੇ ਵਿਚ ਦੇਖ ਭਾਲ ਨਹੀਂ ਕਰ ਸਕਦੀ ਜਾਂ ਉਨ੍ਹਾਂ ਦੀ ਦੇਖ ਭਾਲ ਕਰਨ ਨੂੰ ਇਕ ਬੋਝ ਸਮਝਣ ਲਗ ਪਈ ਹੈ। ਕਈ ਨੌਜਵਾਨ ਲੜਕੇ ਲੜਕੀਆਂ ਦੇ ਕਤਲ ਵੀ ਹੋ ਜਾਂਦੇ ਹਨ ਕਿਉਂਕਿ ਉਹ ਆਪਣੀ ਮਰਜ਼ੀ ਨਾਲ ਵਿਆਹ ਕਰ ਲੈਂਦੇ ਹਨ ਜਾਂ ਕਰਨ ਦੀ ਖ਼ਾਹਸ਼ ਰਖਦੇ ਹਨ।

ਇਸ ਸਾਰੀ ਉਥਲ ਪੁਥਲ ਕਿਉਂ ਹੋ ਰਹੀ ਹੈ ਅਤੇ ਇਸ ਨਾਲ ਨਜਿੱਠਣ ਲਈ ਸਾਡਾ ਵਿਰਸਾ ਇਸ ਵਿਚ ਸਾਡੀ ਕੀ ਮਦਦ ਕਰ ਸਕਦਾ ਹੈ? ਨਵੇਂ ਹਾਲਾਤ ਵਿਚ ਵਿਰਸਾ ਕਿਸ ਤਰਾਂ ਕਾਇਮ ਰਹਿ ਸਕਦਾ ਹੈ ਅਤੇ ਕਿਸ ਤਰਾਂ ਹੋਰ ਵਿਕਸਿਤ ਹੋ ਸਕਦਾ ਹੈ? ਇਹੋ ਜਿਹੇ ਕੁਝ ਸੁਆਲ ਹਰ ਖੇਤਰ ਵਿਚ ਉਠਾਏ ਜਾ ਰਹੇ ਹਨ।

ਕੁਝ ਭੱਦਰ ਪੁਰਸ਼ ਸਲਾਹ ਦਿੰਦੇ ਹਨ ਕਿ ਅੱਜ ਦੇ ਹਾਲਾਤ ਨਾਲ ਨਜਿੱਠਣ ਲਈ ਪੰਜਾਬੀ ਬੋਲੀ, ਸਭਿਆਚਾਰ ਅਤੇ ਵਿਰਸਾ ਬਿਲਕੁਲ ਵਿਅਰਥ ਹਨ। ਇਸ ਲਈ ਸਾਨੂੰ ਇਹ ਸਭ ਛੱਡ ਕੇ ਅੰਗ੍ਰੇਜ਼ੀ ਵਰਤਣੀ ਤੇ ਯੂਰਪ ਅਤੇ ਅਮਰੀਕਾ ਦੇ ਤੌਰ ਤਰੀਕੇ ਅਪਣਾਉਣੇ ਚਾਹੀਦੇ ਹਨ। ਸਾਡੀ ਬੋਲੀ, ਸਭਿਆਚਾਰ ਅਤੇ ਵਿਰਸਾ ਸਾਡੀ ਤਰੱਕੀ ਲਈ ਇਕ ਅੜਿੱਕਾ ਬਣ ਗਿਆ ਹੈ। ਉਹ ਆਪਣੇ ਬੱਚਿਆਂ ਅਤੇ ਹੋਰਾਂ ਨੂੰ ਇਹ ਸਿਖਿਆ ਦਿੰਦੇ ਹਨ ਕਿ ਉਨ੍ਹਾਂ ਨੂੰ ਪੰਜਾਬੀ ਬੋਲੀ, ਸਭਿਆਚਾਰ ਅਤੇ ਵਿਰਸੇ ਨਾਲ ਕੋਈ ਸਰੋਕਾਰ ਨਹੀਂ ਰਖਣਾ ਚਾਹੀਦਾ ਕਿਉਂਕਿ ਇਹ ਉਨ੍ਹਾਂ ਨੂੰ ਦੁਨੀਆ ਦੀ ਮੰਡੀ ਵਿਚ ਪਿੱਛੇ ਰਖਦੇ ਹਨ ਇਸ ਲਈ ਗਲੋਬਲਾਈਜ਼ੇਸ਼ਨ ਦੇ ਦੌਰ ਵਿਚ ਆਲਮੀ ਪੱਧਰ ਤੇ ਇਨ੍ਹਾਂ ਦੀ ਕੋਈ ਵੁੱਕਤ ਨਹੀਂ।

ਇਹ ਦਲੀਲ ਹਾਲਾਤ ਨਾਲ ਨਜਿੱਠਣ ਵਿਚ ਨਾ ਅਹਿਲ ਹੋਣ ਦੀ ਦਲੀਲ ਹੈ ਅਤੇ ਕੌਮੀ ਤੇ ਸਭਿਆਚਾਰਕ ਖ਼ੁਦਕਸ਼ੀ ਦੀ ਦਲੀਲ ਹੈ। ਇਹ ਦਲੀਲ ਗੁਲਾਮੀ ਅਤੇ ਬੇਗੈਰਤੀ ਦੀ ਜਿਹਨੀਅਤ ਦੀ ਦਲੀਲ ਹੈ। ਪੰਜਾਬੀ ਲੋਕ ਇਹ ਆਤਮਘਾਤ ਨਹੀਂ ਕਰ ਸਕਦੇ ਕਿਉਂਕਿ ਇਸਦਾ ਮਤਲਬ ਆਪਣੀ ਹੋਂਦ ਅਤੇ ਪਛਾਣ ਨੂੰ ਗੁਆਉਣਾ ਹੈ। ਬਸਤੀ ਵਾਦੀਆਂ ਨੇ ਵੀ ਇਹ ਦਲੀਲ ਲੋਕਾਂ ਤੇ ਠੋਸਣ ਦੀ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਹੀਂ ਸੀ ਹੋਏ ਕਿਉਂਕਿ ਕੌਮਾਂ ਆਤਮਘਾਤ ਨਹੀਂ ਕਰਦੀਆਂ ਹੁੰਦੀਆਂ। ਪੰਜਾਬੀਆਂ ਨੇ ਹਰ ਉਸ ਕੋਸ਼ਿਸ਼ ਦਾ ਮੂੰਹ ਤੋੜ ਜਵਾਬ ਦਿੱਤਾ ਹੈ ਜੋ ਉਨ੍ਹਾਂ ਦੀ ਹੋਂਦ ਮੁਕਾਉਣ ਲਈ ਕੀਤੀ ਗਈ ਸੀ ਜਾਂ ਕੀਤੀ ਜਾ ਰਹੀ ਹੈ। ਲਹਿੰਦੇ ਪੰਜਾਬ ਵਿਚ ਪੰਜਾਬੀ ਬੋਲੀ ਲਈ ਚਲ ਰਿਹਾ ਘੋਲ ਇਸਦੀ ਇਕ ਝਲਕ ਹੈ।

ਤੇਜ਼ੀ ਨਾਲ ਬਦਲ ਰਹਿ ਹਾਲਾਤ ਨਾਲ ਕਿਸ ਤਰਾਂ ਨਜਿੱਠਿਆ ਜਾ ਸਕਦਾ ਹੈ? ਆਪਣੇ ਵਿਰਸੇ ਤੋਂ ਸੇਧ ਲੈ ਕੇ ਅੱਜ ਦੇ ਹਾਲਾਤ ਦਾ ਨਿਰਨਾ ਕਿਸ ਤਰਾਂ ਕੀਤਾ ਜਾ ਸਕਦਾ ਹੈ? ਵਿਰਸਾ, ਸਭਿਆਚਾਰ ਅਤੇ ਰੂਹਾਨੀਅਤ ਕੋਈ ਬਦਲ ਨਾ ਹੋਣ ਵਾਲੀਆਂ ਚੀਜ਼ਾਂ ਨਹੀਂ। ਇਹ ਹਮੇਸ਼ਾ ਹਾਲਾਤ ਦਾ ਨਿਰਨਾ ਕਰਕੇ, ਉਨ੍ਹਾਂ ਦਾ ਜਾਇਜ਼ਾ ਲੈ ਕੇ ਹਾਲਾਤ ਚੋਂ ਪੈਦਾ ਹੋਏ ਮਸਲਿਆਂ ਨੂੰ ਹੱਲ ਕਰਨ ਦਾ ਰਾਹ ਹੁੰਦਾ ਹੈ। ਇਸੇ ਲਈ ਹੀ ਇਨ੍ਹਾਂ ਕਦਰਾਂ ਕੀਮਤਾਂ ਦੀ ਵੁੱਕਤ ਹੁੰਦੀ ਹੈ ਅਤੇ ਇਨ੍ਹਾਂ ਨੂੰ ਪਰਵਾਨਿਆ ਜਾਂਦਾ ਹੈ, ਇਨ੍ਹਾਂ ਤੇ ਅਮਲ ਕੀਤਾ ਜਾਂਦਾ ਹੈ। ਇਹ ਕਦਰਾਂ ਕੀਮਤਾਂ ਇਲਮ ਅਤੇ ਅਮਲ ਦੇ ਤੱਤ ਕੱਢਣ ਅਤੇ ਲੋੜਾਂ ਨੂੰ ਪੂਰਾ ਕਰਨ ਲਈ ਹੀ ਬਣਦੀਆਂ ਹਨ। ਜੇ ਕੋਈ ਕਦਰ ਕੀਮਤ ਵਕਤ ਦੀ ਲੋੜ ਪੂਰੀ ਨਹੀਂ ਕਰਦੀ ਤਾਂ ਉਸਨੂੰ ਲੋਕ ਛੱਡ ਦਿੰਦੇ ਹਨ ਅਤੇ ਭੁੱਲ ਜਾਂਦੇ ਹਨ। ਮਿਸਾਲ ਦੇ ਤੌਰ ਤੇ ਕਿਹਾ ਜਾਂਦਾ ਸੀ ਕਿ ਦੁੱਧ ਅਤੇ ਪੁੱਤ ਕੋਈ ਨਹੀਂ ਵੇਚਦਾ। ਪਰ ਅੱਜ ਹਰੇਕ ਹੀ ਪਿੰਡ-ਸ਼ਹਿਰ ਵਿਚ ਦੁੱਧ ਵਿਕਦਾ ਹੈ ਤੇ ਦੁੱਧ ਵੇਚਣਾ ਕੋਈ ਮਾੜੀ ਗੱਲ ਨਹੀਂ ਸਮਝੀ ਜਾਂਦੀ। ਬਲਕਿ ਬਹੁਤੇ ਕਿਸਾਨ ਤਾਂ ਦੁੱਧ ਵੇਚ ਕੇ ਹੀ ਗੁਜ਼ਾਰਾ ਕਰ ਸਕਦੇ ਹਨ ਬੇਸ਼ੱਕ ਉਨ੍ਹਾਂ ਨੂੰ ਆਪਣੇ ਪੀਣ ਲਈ ਦੁੱਧ ਨਹੀਂ ਵੀ ਮਿਲਦਾ ਤਾਂ ਵੀ ਮਜਬੂਰੀ ਕਰਕੇ ਵੇਚਣਾ ਪੈਂਦਾ ਹੈ। ਇਸੇ ਤਰਾਂ ਪਹਿਲਾਂ ਅੰਨ ਵੇਚਣ ਵਾਲੇ ਨੂੰ ਮਾੜਾ ਕਿਹਾ ਜਾਂਦਾ ਸੀ। ਪਰ ਹੁਣ ਹਰ ਕਿਸਾਨ ਅੰਨ ਵੇਚਣ ਲਈ ਮਜਬੂਰ ਹੈ। ਬਿਨਾਂ ਫਸਲ ਵੇਚੇ ਉਸਦਾ ਗੁਜ਼ਾਰਾ ਹੀ ਨਹੀਂ ਬਲਕਿ ਹਾਲਾਤ ਇਥੇ ਪਹੁੰਚ ਚੁੱਕੇ ਹਨ ਕਿ ਫਸਲ ਵੇਚ ਕੇ ਵੀ ਉਸਦਾ ਗੁਜ਼ਾਰਾ ਨਹੀਂ। ਉਹ ਕਰਜ਼ੇ ਦੀ ਪੰਡ ਹੇਠ ਦੱਬਿਆ ਹੀ ਰਹਿੰਦਾ ਹੈ। ਕਈ ਮੁਦੱਬਰ ਤਾਂ ਇਥੋਂ ਤਕ ਵੀ ਕਹਿ ਦਿੰਦੇ ਹਨ ਕਿ ਕਰਜ਼ਾ ਤਾਂ ਇਨਸਾਨ ਦੀ ਬੁਨਿਆਦੀ ਲੋੜ ਅਤੇ ਹੱਕ ਹੈ। ਇਸੇ ਤਰਾਂ ਦੀਆਂ ਹੋਰ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਕਿ ਕਦਰਾਂ ਕੀਮਤਾਂ ਨੂੰ ਹਾਲਾਤ ਦੇ ਨਾਲ ਨਾਲ ਬਦਲਣਾ ਹੀ ਪੈਂਦਾ ਹੈ।

ਕਦੇ ਪੰਜਾਬ ਅੰਦਰ ਮੁੱਕਰ ਗਏ ਤੇ ਮਰ ਗਏ ਨੂੰ ਇਕੋ ਜਿਹਾ ਸਮਝਿਆ ਜਾਂਦਾ ਸੀ ਭਾਵ ਜੇ ਕੋਈ ਆਪਣੇ ਵਾਅਦੇ ਤੇ ਕਾਇਮ ਨਹੀਂ ਰਹਿੰਦਾ ਤਾਂ ਉਹ ਇਨਸਾਨ ਮਰੇ ਹੋਏ ਵਾਂਗ ਹੀ ਹੈ ਤੇ ਉਹਦਾ ਜੀਣਾ ਕਿਸੇ ਕੰਮ ਦਾ ਨਹੀਂ। ਪਰ ਅੱਜ ਹਾਕਮ ਟੋਲੇ ਦੀਆਂ ਸਾਰੀਆਂ ਹੀ ਪਾਰਟੀਆਂ ਚੋਣਾਂ ਦੌਰਾਨ ਲੋਕਾਂ ਦੇ ਭਲੇ ਦੇ ਵੱਡੇ ਵੱਡੇ ਦਾਅਵੇ ਕਰਦੀਆਂ ਹਨ ਪਰ ਚੋਣਾਂ ਬਾਅਦ ਕਿਸੇ ਵੀ ਵਾਅਦੇ ਤੇ ਕਾਇਮ ਨਹੀਂ ਰਹਿੰਦੀਆਂ। ਅਤੇ ਸਿਆਸਤਦਾਨ ਤੇ ਹਾਕਮ ਮੇਲ ਫੇਰ ਵੀ ਧੌਣਾਂ ਅਕੜਾ ਕੇ ਤੁਰੇ ਫਿਰਦੇ

ਹਨ ਤੇ ਵਾਅਦਾ ਸ਼ਿਕਨੀ ਵਿਚ ਕਿਸੇ ਵੀ ਤਰ੍ਹਾਂ ਦੀ ਸ਼ਰਮ ਮਹਿਸੂਸ ਨਹੀਂ ਕਰਦੇ। ਇਹ ਬਦਲ ਰਹੀਆਂ ਕਦਰਾਂ ਕੀਮਤਾਂ ਦੀ ਵੀ ਨਿਸ਼ਾਨਦੇਹੀ ਹੈ।

ਇਹ ਜੋ ਆਰਥਕ ਅਤੇ ਸਮਾਜੀ ਉਥਲ ਪੁਥਲ ਆ ਰਈ ਹੈ ਇਹ ਕੋਈ ਅਰਸ਼ ਤੋਂ ਅਚਨਚੇਤੀ ਡਿੱਗੀ ਹੋਈ ਬਲਾ ਨਹੀਂ ਹੈ। ਇਹ ਉਥਲ ਪੁਥਲ ਬੁਨਿਆਦੀ ਰਿਸ਼ਤਿਆਂ ਨੂੰ ਬਦਲਣ ਨਾਲ ਹੋ ਰਹੀ ਹੈ ਅਤੇ ਇਨ੍ਹਾਂ ਬੁਨਿਆਦੀ ਆਰਥਕ ਰਿਸ਼ਤਿਆਂ ਨੂੰ ਬਸਤੀਵਾਦੀ ਨਿਜ਼ਾਮ ਅਤੇ ਉਸਦੇ ਬਾਅਦ ਹਿੰਦੁਸਤਾਨ ਦੇ ਹਾਕਮ ਟੋਲੇ ਨੇ ਆਪਣੇ ਮੁਨਾਫ਼ਿਆਂ ਨੂੰ ਵਧਾਉਣ ਲਈ ਬਦਲਿਆ ਹੈ। ਤਬਦੀਲੀ ਕੁਦਰਤ ਦਾ ਕਾਨੂੰਨ ਹੈ। ਹਰ ਸ਼ੈਅ ਹਮੇਸ਼ਾ ਹੀ ਬਦਲਦੀ ਆਈ ਹੈ ਅਤੇ ਬਦਲਦੀ ਰਹੇਗੀ। ਪਰ ਅਹਿਮ ਚੀਜ਼ ਇਹ ਹੈ ਕਿ ਕਿਸ ਤਬਦੀਲੀ ਨਾਲ ਲੋਕਾਂ ਦਾ ਨੁਕਸਾਨ ਜਾਂ ਫਾਇਦਾ ਹੁੰਦਾ ਹੈ ਅਤੇ ਰਿਸ਼ਤਿਆਂ ਨੂੰ ਕਿਸ ਦਿਸ਼ਾ ਵਿਚ ਬਦਲਿਆ ਜਾਵੇ ਜਿਸ ਨਾਲ ਸਭ ਦੇ ਹਿਤਾਂ ਦੀ ਰਾਖੀ ਹੋਵੇ। ਲੋਕਾਂ ਲਈ ਇਹ ਬਹੁਤ ਹੀ ਅਹਿਮ ਫੈਸਲੇ ਹੁੰਦੇ ਹਨ। ਪਰ ਅੱਜ ਇਹ ਫੈਸਲੇ ਲੋਕਾਂ ਦੇ ਹੱਥ ਵਿਚ ਨਹੀਂ। ਸਮਾਜ ਦਾ ਸਾਰਿਆਂ ਨਾਲੋਂ ਅਹਿਮ ਅਦਾਰਾ ਜਿਹੜਾ ਕਿ ਇਹ ਫੈਸਲੇ ਕਰਦਾ ਹੈ ਉਹ ਹੈ ਰਿਆਸਤ ਜਾਂ ਰਾਜ ਤੰਤ੍ਰ। ਤੇ ਅੱਜ ਇਹ ਅਦਾਰੇ ਲੋਕਾਂ ਦੇ ਹੱਥ ਵੱਸ ਵਿਚ ਨਹੀਂ। ਮੂੰਹ ਜ਼ਬਾਨੀ ਭਾਵੇਂ ਕਿਹਾ ਜਾਂਦਾ ਹੈ ਕਿ ਰਿਆਸਤ ਅਤੇ ਸਰਕਾਰ ਸਭ ਲੋਕਾਂ ਦੇ ਭਲੇ ਲਈ ਨੇ ਪਰ ਅਸਲੀਅਤ ਵਿਚ ਇਹ ਸਿਰਫ਼ ਮੁੱਠੀ ਭਰ ਹਾਕਮ ਟੋਲੇ ਦੇ ਹੱਥ ਵਿਚ ਹਨ ਤੇ ਧਨਾਢਾਂ ਦੇ ਫ਼ਾਇਦੇ ਲਈ ਹਨ। ਹਰੇਕ ਕਾਨੂੰਨ ਅਤੇ ਅਦਾਰਾ ਹਾਕਮ ਟੋਲੇ ਦੇ ਫਾਇਦੇ ਲਈ ਹੈ ਅਤੇ ਲੋਕਾਂ ਦੇ ਜਿਸਮਾਨੀ ਅਤੇ ਰੁਹਾਨੀ ਹਿਤਾਂ ਨੂੰ ਰਗੜਾ ਲਾਉਂਦਾ ਆਇਆ ਹੈ। ਇਹ ਰਿਆਸਤ ਅਤੇ ਰਾਜ ਤੰਤ੍ਰ ਅੰਗ੍ਰੇਜ਼ ਬਸਤੀਵਾਦੀਆਂ ਨੇ ਹਿੰਦੁਸਤਾਨ ਅਤੇ ਪੰਜਾਬ ਦੀ ਲੁੱਟ ਖਸੁੱਟ ਲਈ ਬਣਾਏ ਸੀ ਅਤੇ 1947 ਦੀ ਵੰਡ ਦੇ ਬਾਅਦ ਹਾਕਮ ਟੋਲੇ ਨੇ ਵੀ ਲੋਕਾਂ ਦੇ ਕੁਦਰਤੀ ਅਤੇ ਮਨੁੱਖੀ ਸਾਧਨਾਂ ਨੂੰ ਲੁੱਟਣ ਲਈ ਇਸੇ ਢਾਂਚੇ ਨੂੰ ਲਈ ਬਰਕਰਾਰ ਰੱਖਿਆ। ਪਿਛਲੇ ਕੁਝ ਦਹਾਕਿਆਂ ਵਿਚ ਇਹ ਲੁੱਟ ਬਹੁਤ ਹੀ ਤੇਜ਼ ਹੋ ਗਈ ਹੈ।

ਕਿਉਂਕਿ ਰਿਆਸਤ ਅਤੇ ਸਰਕਾਰ ਦਾ ਹਰ ਕਾਨੂੰਨ ਲੋਕ ਭਲਾਈ ਦੀ ਥਾਂ ਲੋਕਾਂ ਦੀ ਲੁੱਟ ਖਸੁੱਟ ਕਰਨ ਲਈ ਹੀ ਬਣਾਇਆ ਗਿਆ ਹੈ ਇਸ ਕਰਕੇ ਇਹ ਰਿਆਸਤ ਅਤੇ ਰਾਜ ਤੰਤ੍ਰ ਦਰਪੇਸ਼ ਮਸਲਿਆਂ ਦੇ ਹੱਲ ਲਈ ਲੋਕ-ਵਿਰਸੇ ਅਤੇ ਸਭਿਆਚਾਰ ਤੋਂ ਕੋਈ ਸੇਧ ਲੈਣ ਵਿਚ ਦਿਲਚਸਪੀ ਨਹੀਂ ਰੱਖਦੇ। ਬਲਕਿ ਲੋਕਾਂ ਦੇ ਵਿਰਸੇ ਅਤੇ ਸਭਿਆਚਾਰ ਨੂੰ ਢਾਹ ਲਾ ਕੇ ਇਹ ਬਸਤੀਵਾਦੀ ਰਿਆਸਤ ਅਤੇ ਰਾਜ ਤੰਤ੍ਰ ਲੋਟੂਆਂ ਦੇ ਹਿਤਾਂ ਦੀ ਰਾਖੀ ਕਰਦਾ ਹੈ। ਸਰਕਾਰ ਤੇ ਸਰਕਾਰੀ ਟੋਲਾ ਲੋਕਾਂ ਦੇ ਵਿਰਸੇ ਦੀ ਗੱਲ ਭਾਵੇਂ ਕਰਦੇ ਵੀ ਰਹਿਣ ਪਰ ਅਸਲੀਅਤ ਅਤੇ ਅਮਲ ਵਿਚ ਇਹ ਇਸ ਵਿਰਸੇ ਨੂੰ ਢਾਹ ਹੀ ਲਾਉਂਦੇ ਹਨ। ਮਿਸਾਲ ਦੇ ਤੌਰ ਤੇ, ਕਾਂਗਰਸ ਪਾਰਟੀ ਅਤੇ ਇਸਦੇ ਲੀਡਰ ਦਾਅਵੇ ਕਰਦੇ ਰਹਿੰਦੇ ਹਨ ਕਿ ਇਹ ਹਿੰਦੁਸਤਾਨ ਦੇ ਮਹਾਨ ਵਿਰਸੇ ਦੀਆਂ ਲੀਹਾਂ ਤੇ ਚੱਲ ਰਹੇ ਹਨ। ਪਰ ਇਸ ਕਾਂਗਰਸ ਪਾਰਟੀ ਨੇ ਹਰ ਕਾਨੂੰਨ ਅਤੇ ਅਦਾਰਾ ਬਸਤੀਵਾਦੀ ਅਤੇ ਸਾਮਰਾਜ ਦੀਆਂ ਲੀਹਾਂ ਤੇ ਕਾਇਮ ਕੀਤਾ ਹੈ। ਇਸੇ ਤਰਾਂ ਬੀ ਜੇ ਪੀ ਵੀ ਦਾਅਵਾ ਕਰਦੀ ਹੈ ਕਿ ਇਹ ਹਿੰਦੁਸਤਾਨ ਦੇ ਮਾਣਮਤੇ ਵਿਰਸੇ ਦੀ ਵਾਰਿਸ ਹੈ ਪਰ ਇਸਨੇ ਵੀ ਤਾਕਤ ਵਿਚ ਆ ਕੇ ਸਾਰੇ ਬਸਤੀਵਾਦੀ ਅਦਾਰੇ ਹੀ ਬਰਕਰਾਰ ਰੱਖੇ ਹਨ। ਇਸੇ ਤਰਾਂ ਅਕਾਲੀ ਪਾਰਟੀ ਅਤੇ ਹੋਰ ਪਾਰਟੀਆਂ ਵੀ ਇਹੋ ਜਿਹੇ ਦਾਅਵੇ ਵਾਅਦੇ ਕਰਦੀਆਂ ਹਨ। ਪਰ ਪਰਨਾਲਾ ਉਥੇ ਹੀ ਰਹਿੰਦਾ ਹੈ।

ਰਿਆਸਤ ਅਤੇ ਰਾਜ ਤੰਤ੍ਰ ਦਾ ਕੋਈ ਵੀ ਫੈਸਲਾ ਲੋਕਾਂ ਦੇ ਹੱਥ ਵਿਚ ਨਹੀਂ ਅਤੇ ਨਾ ਹੀ ਉਹ ਲੋਕਾਂ ਦੇ ਸਭਿਆਚਾਰ ਅਤੇ ਦਰਸ਼ਨ ਤੋਂ ਸੇਧ ਲੈਂਦਾ ਹੈ। ਜੇ ਇਹ ਫੈਸਲੇ ਲੋਕਾਂ ਦੇ ਹੱਥ ਵਿਚ ਹੋਣ ਤਾਂ ਉਹ ਮਸਲਿਆਂ ਦੀ ਘੋਖ ਅਤੇ ਉਨ੍ਹਾਂ ਦੇ ਹੱਲ ਲਈ ਆਪਣੇ ਤਜਰਬੇ, ਦਰਸ਼ਨ ਅਤੇ ਵਿਰਸੇ ਤੋਂ ਸੇਧ ਲੈ ਕੇ ਫੈਸਲੇ ਕਰ ਸਕਦੇ ਹਨ। ਲੋਕਾਂ ਦੀ ਤਾਂਘ ਹੈ ਕਿ ਸਮਾਜ ਵਿਚ ਸਾਰਿਆਂ ਦੇ ਭਲੇ ਲਈ ਹਾਲਾਤ ਪੈਦਾ ਕੀਤੇ ਜਾਣ। ਸਾਡਾ ਦਰਸ਼ਨ, ਵਿਰਸਾ ਅਤੇ ਸਭਿਆਚਾਰ ਇਹ ਹੀ ਸਿਖਾਉਂਦਾ ਹੈ। ਲੇਕਿਨ ਹਾਕਮ ਟੋਲਾ, ਇਨ੍ਹਾਂ ਦੀਆਂ ਪਾਰਟੀਆਂ ਅਤੇ ਰਾਜ ਤੰਤ੍ਰ ਆਪਣੇ ਸੌੜੇ ਹਿਤਾਂ ਲਈ ਇਸ ਦਰਸ਼ਨ, ਵਿਰਸੇ ਅਤੇ ਸਭਿਆਚਾਰ ਦੇ ਦੁਸ਼ਮਣ ਬਣੇ ਬੈਠੇ ਹਨ। ਉਹ ਸਾਡੇ ਸਾਧਨਾਂ, ਸੱਧਰਾਂ ਅਤੇ ਸੋਚ ਨੂੰ ਵੇਚ ਰਹੇ ਹਨ ਤੇ ਜੇ ਕੋਈ ਇਸਦਾ ਵਿਰੋਧ ਕਰਦਾ ਹੈ ਤਾਂ ਉਸਨੂੰ ਤਰੱਕੀ ਦਾ ਵਿਰੋਧੀ ਕਹਿਕੇ ਜਬਰ ਦਾ ਸ਼ਿਕਾਰ ਬਣਾਇਆ ਜਾਂਦਾ ਹੈ।

ਹਾਕਮ ਟੋਲਾ ਸਿਰਫ਼ ਆਪਣੇ ਮੁਨਾਫ਼ਿਆਂ ਨੂੰ ਹੋਰ ਵਧੇਰੇ ਕਰਨ ਵਿਚ ਹੀ ਦਿਲਚਸਪੀ ਰਖਦਾ ਹੈ। ਇਸ ਲਈ ਇਸ ਦੀ ਲੋਕਾਂ ਦੇ ਵਿਰਸੇ, ਦਰਸ਼ਨ ਅਤੇ ਸਭਿਆਚਾਰ ਵਿਚ ਕੋਈ ਦਿਲਚਸਪੀ ਨਹੀਂ। ਹਾਂ ਜੇ ਇਹ ਇਸ ਵਿਰਸੇ ਤੋਂ ਕੋਈ ਮੁਨਾਫ਼ਾ ਖੱਟ ਸਕਦਾ ਹੈ ਤਾਂ ਉਹ ਉਸ ਵਿਚ ਜ਼ਰੂਰ ਦਿਲਚਸਪੀ ਵਿਖਾਉਂਦਾ ਹੈ। ਪਰ ਦਰਸ਼ਨ ਅਤੇ ਵਿਰਸੇ ਤੋਂ ਸੇਧ ਲੈ ਕੇ ਫੈਸਲੇ ਕਰਨਾ ਇਸਦੇ ਹਿਤਾਂ ਅਤੇ ਰੁਹਾਨੀਅਤ ਦੇ ਪੱਖ ਵਿਚ ਨਹੀਂ।
ਅੱਜ ਦੇ ਬਦਲੇ ਹੋਏ ਹਾਲਾਤ ਅਤੇ ਰਿਸ਼ਤਿਆਂ ਦਾ ਨਿਰਨਾ ਕਰਕੇ ਆਪਣੇ ਦਰਸ਼ਨ ਅਤੇ ਵਿਰਸੇ ਤੋਂ ਸੇਧ ਲੈ ਕੇ ਮਸਲਿਆਂ ਦੇ ਹੱਲ ਕਰਨ ਵਿਚ ਸਿਰਫ਼ ਲੋਕ ਹੀ ਦਿਲਚਸਪੀ ਰਖਦੇ ਹਨ। ਇਸ ਲਈ ਉਹ ਆਪਣੀ ਬੋਲੀ, ਸਭਿਆਚਾਰ, ਵਿਰਸੇ ਦੀ ਰਾਖੀ ਲਈ ਘੋਲ ਵੀ ਚਲਾ ਰਹੇ ਹਨ। ਇਹ ਉਨ੍ਹਾਂ ਦੀ ਹੋਂਦ ਅਤੇ ਪਛਾਣ ਦਾ ਸੁਆਲ ਹੈ। ਹਾਕਮ ਟੋਲਾ ਅਤੇ ਉਸਦੀ ਰਿਆਸਤ ਲੋਕਾਂ ਨੂੰ ਕੁਚਲਣ ਲਈ ਉਨ੍ਹਾਂ ਦੇ ਵਿਰਸੇ ਨੂੰ ਢਾਹ ਲਾ ਰਿਹਾ ਹੈ ਅਤੇ ਉਥਲ ਪੁਥਲ ਕਰ ਰਿਹਾ ਹੈ ਜਿਸ ਨਾਲ ਲੋਕਾਂ ਦਾ ਬਹੁਤ ਹੀ ਨੁਕਸਾਨ ਹੋ ਰਿਹਾ ਹੈ।